ਦੇਸ਼ ਸੇਵਕ, ਚੰਡੀਗੜ੍ਹ, ਐਤਵਾਰ 14 ਮਈ, 2000

# ਔਰਤ ਅਤੇ ਸਮਾਜ

ਵਿਚਾਰ-ਚਰਚਾ



ਗੁਰਸ਼ਰਨ ਸਿੰਘ

ਪਿਛਲੇ ਕੁਝ ਸਮੇਂ ਤੋਂ ਔਰਤਾਂ ਅਤੇ ਕੁੜੀਆਂ ਬਾਰੇ ਬੜੀਆਂ ਤ੍ਰਾਸਦੀ ਭਰੀਆਂ ਖ਼ਬਰਾਂ ਆ ਰਹੀਆਂ ਹਨ। ਇਹਨਾਂ ਤੋਂ ਸਾਫ਼ ਹੈ ਕਿ ਸਾਡਾ ਅੱਜ ਦਾ ਸਮਾਜ ਇਸ ਖੇਤਰ ਵਿਚ ਖਾਸ ਸੰਕਟ ਵਿਚ ਹੈ। ਇਹਦੇ ਬਾਰੇ ਵਿਚਾਰ ਚਰਚਾ ਵੀ ਜ਼ਰੂਰੀ ਹੈ ਅਤੇ ਫ਼ਿਕਰ ਵੀ ਜ਼ਰੂਰੀ ਹੈ। ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ ਨਾਭਾ ਦੇ ਸਾਡੇ ਪ੍ਰਸਿੱਧ ਕਵੀ ਦਰਸ਼ਨ ਬੁੱਟਰ ਦੀ ਬੇਟੀ ਨੇ ਖ਼ੁਦਕੁਸ਼ੀ ਕੀਤੀ। ਦਰਸ਼ਨ ਬੁੱਟਰ ਸਾਡਾ ਬੜਾ ਹੀ ਸੰਵੇਦਨਸ਼ੀਲ ਕਵੀ ਹੈ। ਆਧੁਨਿਕਤਾ ਦੇ ਲਿਹਾਜ਼ ਨਾਲ ਵੀ ਉਹਨੇ ਕਵਿਤਾ ਵਿਚ ਬੜੇ ਨਵੇਂ ਤਜਰਬੇ ਕੀਤੇ ਹਨ। ਆਪਣੀਆਂ ਕੁਝ ਕਵਿਤਾਵਾਂ ਵਿਚ ਉਹਨੇ ਜ਼ਿੰਦਗੀ ਨੂੰ ਬੜੀ ਡੂੰਘੀ ਨੀਝ ਨਾਲ ਬਿਤਾਇਆ ਹੈ। ਕੀ ਉਹ ਆਪਣੀ ਬੇਟੀ ਦੇ ਕਿਸੇ ਮਸਲੇ ਨੂੰ ਸਮਝਣ ਵਿਚ ਅਸਫ਼ਲ ਰਿਹਾ ਹੈ? ਬੇਟੀ ਨੇ ਆਪਣੇ ਕਿਸੇ ਦੁੱਖ ਨੂੰ ਪਾਪਾ ਨਾਲ ਕਿਉਂ ਨਹੀਂ ਸਾਂਝਾ ਕੀਤਾ? ਜ਼ਰੂਰ ਕਿਧਰੇ ਵਿੱਥ ਰਹਿ ਗਈ ਹੈ। ਖ਼ਬਰ ਪੜ੍ਹਕੇ ਮੈਂ ਦਰਸ਼ਨ ਸਿੰਘ ਬੁੱਟਰ ਵੱਲ ਇਕ ਚਿੱਠੀ ਲਿਖੀ, ਪਰ ਪੋਸਟ ਨਹੀਂ ਕਰ ਸਕਿਆ। ਮੈਨੂੰ ਉਹ ਓਪਰੀ-ਓਪਰੀ ਲੱਗੀ।

ਮੈਂ ਉਮੀਦ ਕਰਦਾ ਹਾਂ ਕਿ ਉਹ 'ਇਕ ਬਾਪ ਦਾ ਇਕਬਾਲਨਾਮਾ' ਜ਼ਰੂਰ ਲਿਖੇਗਾ, ਜਿੱਥੇ ਉਹਦੇ ਵੱਲੋਂ ਵਿਸ਼ਲੇਸ਼ਣ ਹੋਵੇਗਾ ਕਿ ਇਹ ਤ੍ਰਾਸਦੀ ਕਿਉਂ ਵਾਪਰੀ? ਦੋ ਪੀੜ੍ਹੀਆਂ ਦੇ ਦਰਮਿਆਨ ਵਿੱਥ ਕਿੱਥੇ ਹੈ? ਸਾਧਾਰਨ ਬੰਦਾ ਤਾਂ ਸ਼ਾਇਦ ਇਹ ਵਿਸ਼ਲੇਸ਼ਣ ਨਾ ਕਰ ਸਕੇ ਪਰ ਇਕ ਲੇਖਕ ਲਈ ਸਮਝਣਾ ਜ਼ਰੂਰੀ ਹੈ। ਇਸ ਘਟਨਾ ਨੂੰ ਇਕ ਬਾਪ ਦੀ ਅਸਫ਼ਲਤਾ ਨਾਲ ਜੋੜਨਾ ਜ਼ਰੂਰੀ ਹੈ। ਕੀ ਕਵੀਆਂ ਦੀਆਂ ਮਹਿਫ਼ਲਾਂ ਦਾ ਦਾਰੂ ਦੀਆਂ ਮਹਿਫ਼ਲਾਂ ਵਿਚ ਬਦਲ ਜਾਣਾ ਇਕ ਕਾਰਨ ਹੋ ਸਕਦਾ ਹੈ? ਸਾਡੇ ਬੱਚੇ, ਖਾਸ ਕਰਕੇ ਸਾਡੀਆਂ ਬੱਚੀਆਂ ਇਸ ਅਮਲ ਨੂੰ ਬਿਲਕੁਲ ਚੰਗਾ ਨਹੀਂ ਸਮਝਦੀਆਂ। ਮੇਰੇ ਇਸ ਬਾਰੇ ਵਿਚਾਰ ਸਪੱਸ਼ਟ ਹਨ। ਭਾਵੇਂ ਇਹ ਕਿਹਾ ਜਾਂਦਾ ਹੈ ਕਿ ਮੈਂ ਇਸ ਮਸਲੇ ਬਾਰੇ ਜ਼ਰੂਰਤ ਤੋਂ ਵੱਧ ਭਾਵੁਕ ਹਾਂ।

ਹਰਪ੍ਰੀਤ ਕੌਰ, ਬੀਬੀ ਜਗੀਰ ਕੌਰ ਦੀ ਧੀ ਸੀ। ਉਹਦੀ ਤ੍ਰਾਸਦੀ ਇਕ ਠੋਸੀ ਹੋਈ ਧਾਰਮਕ ਕਲਚਰ ਦੀ ਦੇਣ ਹੈ ਜਿਸਦੇ ਵਿਰੁੱਧ ਸਾਡੇ ਬੱਚੇ ਬਹੁਤ ਵਾਰ ਖੁੱਲ੍ਹੀ ਬਗ਼ਾਵਤ ਕਰਦੇ ਹਨ। ਇਹ ਤ੍ਰਾਸਦੀ ਵਾਪਰਨ ਤੋਂ ਰੁਕ ਸਕਦੀ ਸੀ। ਬੀਬੀ ਜਗੀਰ ਬੜੀ ਅਸਾਨੀ ਨਾਲ ਜਾਂ ਜੁਰੱਅਤ ਨਾਲ ਕਹਿ ਸਕਦੀ ਸੀ 'ਮੇਰੀ ਧੀ ਨੇ ਆਪਣੀ ਮਰਜ਼ੀ ਨਾਲ ਆਪਣੇ ਜੀਵਨ ਸਾਥੀ ਦੀ ਚੋਣ ਕੀਤੀ ਹੈ। ਮੈਂ ਉਹਦੇ ਨਾਲ ਸਹਿਮਤ ਨਹੀਂ, (ਸਹਿਮਤ ਹੋ ਵੀ ਨਹੀਂ ਸਕਦੀ ਸੀ) ਪਰ ਉਹਦੀ ਚੋਣ ਕਰਨ ਦੀ ਆਜ਼ਾਦੀ ਵਿਚ ਮੈਂ ਦਖ਼ਲ ਨਹੀਂ ਦੇਂਦੀ ਜਾਂ ਉਹ ਵੀ ਇਕ ਇਕਬਾਲਨਾਮਾ ਜਾਰੀ ਕਰ ਸਕਦੀ ਸੀ ਕਿ ਆਪਣੇ ਰੁਝੇਵਿਆਂ ਕਰਕੇ ਮੈਂ ਆਪਣੀ ਧੀ ਵੱਲ ਬਣਦਾ ਧਿਆਨ ਨਹੀਂ ਦੇ ਸਕੀ।' ਇਹਦੇ ਨਾਲ ਉਹਦੇ ਵਕਾਰ ਨੂੰ ਕੋਈ ਫ਼ਰਕ ਨਹੀਂ ਪੈਣਾ ਸੀ। ਪਰ ਉਹਨੂੰ ਕਿਸੇ ਹੋਰ ਵਕਾਰ ਦਾ ਫ਼ਿਕਰ ਸੀ, ਜਿਸ ਕਰਕੇ ਇਹ ਤ੍ਰਾਸਦੀ ਵਾਪਰੀ।

ਗੱਲ ਫੇਰ ਉਥੇ ਹੀ ਆਂਦੀ ਹੈ ਕਿ ਪੀੜ੍ਹੀਆਂ ਦੀ ਸੋਚ ਵਿਚ ਫ਼ਰਕ ਆ ਗਿਆ ਹੈ। ਇਸ ਫ਼ਰਕ ਨੂੰ ਬੜੀ ਇਮਾਨਦਾਰੀ ਨਾਲ ਸਵੀਕਾਰ ਕਰਨਾ ਬਣਦਾ ਹੈ। ਕੁਝ ਸਾਲ ਪਹਿਲੇ ਜਸਵੰਤ ਸਿੰਘ ਕੰਵਲ ਹੋਰਾਂ ਦੀ ਬੇਟੀ ਦੀ ਤ੍ਰਾਸਦੀ ਦਾ ਵੀ ਇਹ ਕਾਰਨ ਸੀ।

ਅੱਜ ਸ੍ਰ. ਸੁਰਜੀਤ ਸਿੰਘ ਬਰਨਾਲਾ ਦੀ ਨੂੰਹ ਦੀ ਸ਼ਿਕਾਇਤ ਦੀ ਖ਼ਬਰ ਆਈ ਹੈ। ਉਹ ਉਸ ਘਰ ਵਿਚ 1982 ਵਿਚ ਗਈ। ਤਿੰਨ ਪੁੱਤਰਾਂ ਦੀ ਮਾਂ ਬਣੀ ਪਰ 18 ਸਾਲ ਬਾਅਦ ਉਹਨੂੰ ਸ਼ਿਕਾਇਤ ਲੈ ਕੇ ਕਚਹਿਰੀ ਜਾਣਾ ਪਿਆ। ਉਹਦੀ ਸ਼ਿਕਾਇਤ ਵਿਚ ਜੋ ਵੱਡੇ ਸਰਦਾਰਾਂ ਦੇ ਘਰ ਔਰਤ ਦੀ ਤ੍ਰਾਸਦੀ ਹੈ, ਉਹ ਉੱਭਰਕੇ ਆਈ ਹੈ। ਸਰਦਾਰਾਂ ਦੇ ਘਰਾਂ ਦੀ ਰਹਿਤਲ ਜਗੀਰੂ ਸੋਚ ਦੀ ਦੇਣ ਹੈ। ਉਹਦੇ ਵਿਚ ਔਰਤ ਨੇ ਸੰਤਾਪ ਭੋਗਣਾ ਹੀ ਭੋਗਣਾ ਹੈ। ਦਲੀਪ ਕੌਰ ਦੀਆਂ ਕਹਾਣੀਆਂ ਅਤੇ ਨਾਵਲਾਂ ਵਿਚ ਇਹਦਾ ਵਿਸਥਾਰ ਨਾਲ ਜ਼ਿਕਰ ਹੈ।

ਫੇਰ ਕੀਤਾ ਕੀ ਜਾਏ? ਕੀ ਕੁਝ ਕਰਨਾ ਜ਼ਰੂਰੀ ਵੀ ਹੈ? ਇਹਦਾ ਜਵਾਬ ਹੈ, ਕਰਨਾ ਜ਼ਰੂਰੀ ਹੈ, ਸਗੋਂ ਬਹੁਤ ਜ਼ਰੂਰੀ ਹੈ। ਇਕ ਸਿਹਤਮੰਦ ਸਮਾਜ ਲਈ ਇਹਦੀ ਲੋੜ ਹੈ। ਸਾਰੀਆਂ ਔਰਤਾਂ ਕੁੱਲ ਆਬਾਦੀ ਦੀਆਂ 50 ਫੀਸਦੀ ਹਨ। ਉਹਨਾਂ ਦੇ ਬੇਹਤਰੀ ਹੀ ਚੰਗੇ ਸਮਾਜ ਦੀ ਗਰੰਟੀ ਹੈ। ਕੁਝ ਗੱਲਾਂ ਸੁਝਾਅ ਦੇ ਤੌਰ 'ਤੇ ਦਿੱਤੀਆਂ ਜਾ ਰਹੀਆਂ ਹਨ।

— ਘਰਾਂ ਵਿਚ ਮਰਦ ਸ਼ਾਵਨਵਾਦ ਦੀ ਕਲਚਰ ਨੂੰ ਖ਼ਤਮ ਕੀਤਾ ਜਾਏ। ਇਹ ਬਚਪਨ ਤੋਂ ਹੀ ਸ਼ੁਰੂ ਹੋ ਜਾਂਦਾ ਹੈ, ਜਦੋਂ ਮੁੰਡੇ ਅਤੇ ਕੁੜੀ ਦੇ ਦਰਮਿਆਨ ਵਿਤਕਰਾ ਕੀਤਾ ਜਾਂਦਾ ਹੈ। ਧੀ ਨੂੰ ਨਿਮਾਣਾ ਦਰਜਾ ਦਿੱਤਾ ਜਾਂਦਾ ਹੈ।

— ਜਦੋਂ ਤੁਸੀਂ ਧੀਆਂ ਦੇ ਬਾਪ ਹੋ ਤਾਂ ਆਪਣੀ ਰੋਜ਼ ਦੀ ਰੁਟੀਨ ਵਿਚ ਉਹਨਾਂ ਆਦਤਾਂ 'ਤੇ ਕਾਬੂ ਪਾਈਏ ਜੋ ਸਾਡੀਆਂ ਧੀਆਂ ਨੂੰ ਮਨਜ਼ੂਰ ਨਹੀਂ ਹਨ ਅਤੇ ਸਾਡੇ ਤੇ ਉਹਨਾਂ ਦੇ ਦਰਮਿਆਨ ਵਿੱਥ ਪਾਂਦੀਆਂ ਹਨ।

— ਆਪਣੀ ਧਾਰਮਕਤਾ ਆਪਣੇ ਬੱਚਿਆਂ ਤੇ ਨਾ ਠੋਸੀਏ।

— ਆਪਣੇ ਵਿਚਾਰਾਂ ਦੀ ਕੱਟੜਤਾ (ਇਹ ਗੱਲ ਕਾਮਰੇਡਾਂ ਲਈ ਹੈ) ਆਪਣੇ ਬੱਚਿਆਂ 'ਤੇ ਲਾਗੂ ਨਾ ਕਰੀਏ। ਇਨਕਲਾਬ ਦੇ ਬਾਅਦ ਦੀ ਜ਼ਿੰਦਗੀ ਯਕੀਨੀ ਤੌਰ 'ਤੇ ਵਧੀਆ ਹੋਵੇਗੀ। ਇਨਕਲਾਬ ਤੋਂ ਪਹਿਲੇ ਵੀ ਜ਼ਿੰਦਗੀ ਨੂੰ ਰਾਹਤ ਦੇ ਸਕੀਏ ਤਾਂ ਚੰਗਾ ਹੋਵੇਗਾ।

ਸਮਾਜ ਵਿਚ ਔਰਤ ਦੀ ਭੂਮਿਕਾ ਬਾਰੇ ਫ਼ਿਕਰ ਸਮੇਂ ਦੀ ਲੋੜ ਹੈ।